# भजन

साहेब दे हथ डोर असां दी,ज्यों रखे त्यों रहना ऐ
दम दम गुजरे पिया हवाले,हक रजा विच रहना ऐ

1–दुनियां दे विच कुछ नहियों लभना,
ए मरम जिनां पा लिया
जीत गए ओ इश्क दी बाजी,
दिल पिया नाल ला लिया
गुझियां रमजां समझ पिया दियां,चुपचुपाते रहना ए

2– न गिला न कोई उलाहना, कोई शिकायत वी नहीं दिल
दलगीरी छड के जीना, पिया हुकम बिन कुछ नहीं
जो भावे ओ करदा जावे,एही भरोसा रखना ए

3– आप भुलावे आप जगावे,आप ही सरजनहार है
की होया की होणा है सब,आप ही जाननहार है
जो भी हक दिल ने रच रखिया,सो ही सब कुछ होणा ए

4– आप बुलावे आप ही कूवत,बख्शे दर ते आण दी
आप ही मान मुकावे खुदी नू,तां खुदा नूं पहचान दी
मैं नहीं बस तूं ही तूं हैं,तूं ही दे विच वसणा ऐ